# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8,ਐੱਸ.ਏ.ਐੱਸ ਨਗਰ

ਈਮੇਲ: directorscert@punjabeducation.gov.in, ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)

ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)

ਪੰਜਾਬ।

**ਮੀਮੋ ਨੰ.903452/SCERT/QP/UP/2025** SPL-001

**ਮਿਤੀ: ਐਸ.ਏ.ਐਸ. ਨਗਰ** 27-05-2025

**ਵਿਸ਼ਾ: ਰਾਜ ਦੇ ਸਮੂਹ ਸਕੂਲਾਂ (PM Shri ਤੋਂ ਇਲਾਵਾ) ਵਿੱਚ 6ਵੀਂ ਤੋਂ 8ਵੀਂ ਜਮਾਤਾਂ ਲਈ Bagless Days ਨੂੰ implement ਕਰਵਾਉਣ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਰਾਜ ਦੇ ਸਮੂਹ ਸਕੂਲਾਂ ਵਿੱਚ 6ਵੀਂ ਤੋਂ 8ਵੀਂ ਜਮਾਤਾਂ ਦੇ ਵਿਦਿਆਰਥੀਆਂ ਵਿੱਚ ਰਚਨਾਤਮਕਤਾ, 21ਵੀਂ ਸਦੀ ਦੀਆਂ ਵੱਖ-ਵੱਖ ਕੁਸ਼ਲਤਾਵਾਂ ਵਿਕਸਿਤ ਕਰਨ ਲਈ ਅਤੇ ਵੱਖ-ਵੱਖ ਵਿਸ਼ਿਆਂ ਵਿੱਚ ਦਿਲਚਸਪੀ ਵਧਾਉਣ ਲਈ Social Emotional Learning (SEL), Experiential learning ਅਤੇ out of class exposure ਦੀ ਅਹਿਮ ਭੂਮਿਕਾ ਹੁੰਦੀ ਹੈ। ਇਸ ਲਈ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨ ਲਈ ਰਾਜ ਦੇ ਸਮੂਹ ਸਕੂਲਾਂ ਵਿੱਚ 6ਵੀਂ ਤੋਂ 8ਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ ਘੱਟ ਤੋਂ ਘੱਟ **10 Bagless Days** conduct ਕਰਵਾਏ ਜਾਣੇ ਹਨ ਜਿਸ ਦੌਰਾਨ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਣੀਆਂ ਹਨ।

3.0 Bagless Days Activity ਦੇ ਸਫਲ ਸੰਚਾਲਨ ਲਈ ਪ੍ਰਤੀ ਸਕੂਲ 10,000 ਰੁਪਏ ਦੇ ਫੰਡ ਭੇਜੇ ਜਾ ਚੁੱਕੇ ਹਨ। ਇਹ Bagless Days ਹੇਠ ਲਿਖੀਆਂ ਮਿਤੀਆਂ ਨੂੰ ਮਨਾਏ ਜਾਣ। ਇਸ ਦੌਰਾਨ ਕਰਵਾਈਆਂ ਜਾਣ ਵਾਲੀਆਂ ਮੁੱਖ ਗਤੀਵਿਧੀਆਂ ਦੀ ਡਿਟੇਲ ਤਿਆਰ ਕੀਤੀ ਗਈ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ. | Bagless Day ਦੀ ਮਿਤੀ | ਮੁੱਖ ਗਤੀਵਿਧੀ | ਗਤੀਵਿਧੀ ਦੀ ਵੇਰਵਾ | Funds to be Utilized per activity (in rs.) | ਵਿਸ਼ੇਸ਼ ਕਥਨ |
|---|---|---|---|---|---|
| 1 | 31-05-2025 | Learning with Fun activities, ਕਿਸੇ ਸਥਾਨਕ/ ਕਾਰੀਗਰ/ ਕਲਾਕਾਰ/ ਪ੍ਰਸਿੱਧ ਸਖਸ਼ੀਅਤਾਂ ਦੁਆਰਾ ਪ੍ਰੇਰਕ ਲੈਕਚਰ/ ਇੰਟਰਵਿਊ/ ਸਾਈਬਰ ਸੁਰੱਖਿਆ ਬਾਰੇ ਲੈਕਚਰ | Fun ਗਤੀਵਿਧੀਆਂ ਕਰਵਾਉਣ ਲਈ activity sheet ਮੁਖ ਦਫ਼ਤਰ ਵੱਲੋਂ ਭੇਜੀ ਜਾਵੇਗੀ ਜਿਸਦਾ ਪ੍ਰਿੰਟ ਵਿਦਿਆਰਥੀਆਂ ਨੂੰ ਦਿੱਤਾ ਜਾਣਾ ਹੈ। | 500.00 | optional |
| 2 | 05-07-2025 | ਛੁੱਟੀਆਂ ਦੇ ਕੰਮ ਲਈ ਬਣਾਏ ਗਏ ਵੱਖ-ਵੱਖ ਵਿਸ਼ਿਆਂ ਦੇ ਪ੍ਰੋਜੈਕਟਾਂ ਦਾ showcase ਕਰਨਾ | ਛੁੱਟੀਆਂ ਦੌਰਾਨ ਵਿਦਿਆਰਥੀਆਂ ਨੂੰ ਘਰ ਤੋਂ ਬਣਾਉਣ ਲਈ ਦਿੱਤੇ ਗਏ ਪੋਸਟਰ, ਪ੍ਰੋਜੈਕਟ ਆਦਿ ਦੀ ਪ੍ਰਦਰਸ਼ਨੀ। | 500.00 | Optional |
| 3 | 26-07-2025 | Fun activity with Origami, Tangrams ਅਤੇ Vedic Mathematics | ਇਸ ਦੌਰਾਨ origami, tangrams ਅਤੇ ਵੈਦਿਕ ਗਣਿਤ ਦੇ ਸੂਤਰਾਂ ਨੂੰ ਵਰਤ ਕੇ ਵਿਦਿਆਰਥੀਆਂ ਨੂੰ Fun activity ਕਰਵਾਉਣਾ ਅਤੇ ਪ੍ਰਦਰਸ਼ਨੀ। | 1000.00 | ਲਾਜ਼ਮੀ |
| 4 | 30-08-2025 | **Fun with low cost-no cost science activity**- Textbook based activities | ਛੋਟੇ ਗਰੁੱਪ ਵਿੱਚ ਪਾਠ ਪੁਸਤਕਾਂ 'ਤੇ ਆਧਾਰਿਤ low cost ਵਿਗਿਆਨ ਗਤੀਵਿਧੀਆਂ ਦੀ ਡਿਜ਼ਾਈਨਿੰਗ ਅਤੇ ਪ੍ਰਦਰਸ਼ਨੀ। | 1000.00 | ਲਾਜ਼ਮੀ |
| 5 | 05-09-2025 | Student as Teacher Activity on Teacher's Day | ਵਿਦਿਆਰਥੀਆਂ ਨੂੰ ਜਮਾਤਾਂ ਲੈਣ ਜਾਂ ਪਸੰਦ ਦੇ ਵਿਸ਼ੇ 'ਤੇ ਚਰਚਾ ਕਰਨ ਲਈ ਕਿਹਾ ਜਾ ਸਕਦਾ ਹੈ। greeting card, poster ਆਦਿ ਬਣਾਉਣਾ। | 1000.00 | ਲਾਜ਼ਮੀ |
| 6 | 27-09-2025 | ਵਿਦਿਅੱਕ/ ਸਥਾਨਕ ਖੇਡਾਂ | ਵਿਦਿਅਕ ਖੇਡਾਂ/ਖੇਡਾਂ: ਛੋਟੀਆਂ ਅੰਤਰ-ਕਲਾਸ ਕੁਇਜ਼, ਦੌੜਾਂ, ਸਥਾਨਕ ਖੇਡਾਂ ਜਿਵੇਂ ਕਿ ਖੋ-ਖੋ, ਕੋਟਲਾ ਛਪਾਕੀ, ਕਬੱਡੀ, ਪਿੱਠੂ, ਰੱਸਾਕਸ਼ੀ, ਰੱਸਾ ਛੱਡਣਾ, ਕੈਰਮ ਬੋਰਡ, ਸ਼ਤਰੰਜ ਆਦਿ। | 500.00 | Optional |
| 7 | 18-10-2025 | ਜਮਾਤ ਦੀ ਸਜਾਵਟ ਅਤੇ ਰੰਗੋਲੀ ਮੁਕਾਬਲੇ (Classroom Decoration and | ਜਮਾਤ ਦੀ ਸਜਾਵਟ ਅਤੇ ਰੰਗੋਲੀ ਮੁਕਾਬਲੇ ਆਦਿ। 'ਬੈਸਟ ਆਉਟ ਆਫ ਵੇਸਟ": ਤਹਿਤ ਵੱਖ-ਵੱਖ ਸਮਗਰੀ ਤੋਂ ਉਪਯੋਗ ਵਿੱਚ ਨਾ ਆਉਣ ਵਾਲੇ ਸਮਾਨ ਤੋਂ ਕੁੱਝ | 1000.00 | ਲਾਜ਼ਮੀ |

| | | | | | |
|---|---|---|---|---|---|
| | | Rangoli Competition) | ਉਪਯੋਗੀ ਸਮਾਨ ਬਣਾਉਣਾ ਜਿਵੇਂ- ਫਲਾਵਰ ਪਾਟ, ਵਾਲ ਹੈਗਿੰਗ, ਸਜਾਵਟ ਲਈ ਨਮੂਨੇ, ਕਢਾਈ ਜਿਵੇਂ ਫੁਲਕਾਰੀ, ਸਾਫ਼ਟ ਖਿਡੌਣੇ ਆਦਿ। | | |
| 8 | 25-10-2025 | Fun with languages (ਪੰਜਾਬੀ, ਅੰਗ੍ਰੇਜੀ ਅਤੇ ਹਿੰਦੀ) | ਰੋਲ ਪਲੇਅ/ਸਕਿੱਟ/ਸ਼ਬਦ ਗੇਮਾਂ/ਪਹੇਲੀਆਂ/ਸ਼ੋਅ ਐਂਡ ਟੇਲ/ ਗ੍ਰੀਟਿੰਗ ਅਤੇ ਸੱਦਾ ਪੱਤਰ ਡਿਜ਼ਾਈਨਿੰਗ ਆਦਿ ਗਤੀਵਿਧੀਆਂ ਕਰਵਾਈਆਂ ਜਾ ਸਕਦੀਆਂ ਹਨ। | 1500.00 | ਲਾਜ਼ਮੀ |
| 9 | 14-11-2025 | Fun games + refreshment on Children's Day | ਫੈਂਸੀ ਡਰੈੱਸ ਮੁਕਾਬਲਾ, Poem recitation, ਭਾਸ਼ਣ, ਕਹਾਣੀ ਸੁਣਾਉਣਾ (storytelling), ਰੋਲ ਪਲੇਅ, ਲਾਈਫ ਸਕਿੱਲ ਗਤੀਵਿਧੀਆਂ, ਪੋਸਟਰ ਬਣਾਉਣਾ, poster making, ਮੈਜਿਕ ਸ਼ੋਅ ਅਤੇ ਸੱਭਿਆਚਾਰਕ ਗਤੀਵਿਧੀਆਂ ਆਦਿ | 1000.00 | ਲਾਜ਼ਮੀ |
| 10 | 29-11-2025 | ਸਮਾਜਿਕ ਵਿਗਿਆਨ ਪ੍ਰਦਰਸ਼ਨੀ | ਸਮਾਜਿਕ ਵਿਗਿਆਨ ਵਿਸ਼ੇ ਨਾਲ ਸਬੰਧਤ ਮੋਡਲ/ ਚਾਰਟ/ ਰੋਲ ਪਲੇਅ/ਮੈਪ/ਗਲੋਬ/ case study/ ਰਿਸਰਚ ਪ੍ਰੋਜੈਕਟ, presentation etc. ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਵਾਤਾਵਰਣ ਦੀ ਦੇਖ ਭਾਲ ਅਤੇ ਹਰਿਆਲੀ ਵਧਾਉਣ ਸਬੰਧੀ ਗਤੀਵਿਧੀਆਂ ਜਿਵੇਂ- ਰੁੱਖ ਲਗਾਉਣਾ ਆਦਿ | 1000.00 | ਲਾਜ਼ਮੀ |
| 11 | 20-12-2025 | ਪਹਾੜਿਆਂ ਦੇ ਮੁਕਾਬਲੇ | ਪਹਾੜਿਆਂ ਅਤੇ ਟੋਕਵੇਂ ਪਹਾੜਿਆਂ ਦਾ ਲਿਖਤੀ ਅਤੇ ਮੌਖਿਕ ਮੁਕਾਬਲਾ ਕਰਵਾਇਆ ਜਾਵੇ। | 500.00 | Optional |
| 12 | 17-1-2026 | Visit to near by places like Bank/ industry/ post office/ hospital/ museum etc. to explain its working. | ਸਕੂਲ ਦੇ ਨਜ਼ਦੀਕੀ ਇਤਿਹਾਸਕ, ਸੱਭਿਆਚਾਰਕ ਅਤੇ ਸੈਰ-ਸਪਾਟਾ ਮਹੱਤਵ ਵਾਲੇ ਸਮਾਰਕਾਂ, ਅਜਾਇਬ ਘਰ, ਵਿਗਿਆਨ ਪਾਰਕ, ਖੇਡ ਸਟੇਡੀਅਮ, ਹਸਪਤਾਲ, ਡਾਕਘਰ, ਬੈਂਕ, ਉਦਯੋਗ, ਪਾਰਕ ਆਦਿ ਦਾ ਦੌਰਾ | 500.00 | optional |

ਉਕਤ ਸਾਰਣੀ ਵਿੱਚ ਦਰਸਾਏ ਗਏ 7 ਲਾਜ਼ਮੀ Bagless day ਦਿੱਤੀ ਗਈ ਮਿਤੀ ਨੂੰ ਮਨਾਉਣੇ ਯਕੀਨੀ ਬਣਾਏ ਜਾਣ ਅਤੇ 5 optional ਵਿੱਚੋਂ ਕੋਈ 3 Bagless days ਸਕੂਲ ਆਪਣੇ ਪੱਧਰ ਤੇ ਚੁਣ ਸਕਦੇ ਹਨ।

4.0 ਹਰੇਕ Bagless Day ਨੂੰ ਜਮਾਤਾਂ 6ਵੀਂ ਤੋਂ 8ਵੀਂ ਹੇਠ ਦਿੱਤੇ ਸ਼ਡਿਊਲ ਮੁਤਾਬਿਕ ਲਗਾਈਆ ਜਾਣ:

| Period | Details | Suggested Activity |
|---|---|---|
| 1st | Extended Assembly | Yoga, Stage Activities, Physical Exercise, group games etc. |
| 2nd to 5th | ਮੁੱਖ ਗਤੀਵਿਧੀ<br>**(ਪੁਆਇੰਟ ਨੰ. 3.0 ਵਿੱਚ ਦਰਜ ਸਾਰਣੀ ਅਨੁਸਾਰ)** | Activity ਦੀ ਯੋਜਨਾਬੰਦੀ ਸੰਬੰਧਤ ਸਰਕਲ ਦੀ ਕਮੇਟੀ ਵੱਲੋਂ ਸਕੂਲ ਮੁਖੀ ਦੀ ਦੇਖ-ਰੇਖ ਵਿੱਚ ਕੀਤੀ ਜਾਵੇ। |
| 6th to 8th | Social Emotional Learning integrated Art Activities | ਇਸ ਗਤੀਵਿਧੀ ਸੰਬੰਧੀ ਜਾਣਕਾਰੀ ਮੁੱਖ ਦਫ਼ਤਰ ਵੱਲੋਂ ਅਗਾਊਂ ਭੇਜ ਦਿੱਤੀ ਜਾਵੇਗੀ ਅਤੇ ਇਹਨਾਂ ਗਤੀਵਿਧੀ ਲਈ ਵਿਦਿਆਰਥੀਆਂ ਨੂੰ ਲੋੜੀਂਦਾ ਸਮਾਨ ਦੇਣ ਲਈ 1000 ਰੁਪਏ ਫੰਡ ਦੀ ਵਰਤੋਂ ਕੀਤੀ ਜਾਵੇ। |
| ਨੋਟ: 6ਵੀਂ ਤੋਂ 8ਵੀਂ ਜਮਾਤਾਂ ਦੇ ਸਾਰੇ ਵਿਦਿਆਰਥੀ ਇਹਨਾਂ ਗਤੀਵਿਧੀਆਂ ਵਿੱਚ ਭਾਗ ਲੈਣਗੇ। | | |

5.0 ਉਕਤ ਗਤੀਵਿਧੀਆਂ ਨੂੰ ਸਫਲਤਾਪੂਰਵਕ ਕਰਵਾਉਣ ਲਈ ਸਮੱਗਰ ਸਿੱਖਿਆ ਅਭਿਆਨ ਦੇ PAB 2025-26 ਦੇ ਮਿੰਟਜ਼ ਮੁਤਾਬਿਕ 10,000 ਰੁਪਏ ਪ੍ਰਤੀ ਸਕੂਲ ਫੰਡ ਪ੍ਰਵਾਨਿਤ ਹੋਏ ਹਨ। ਇਸ ਸੰਬੰਧੀ MIS ਸ਼ਾਖਾ ਤੋਂ ਪ੍ਰਾਪਤ ਗਿਣਤੀ ਮੁਤਾਬਿਕ ਜ਼ਿਲ੍ਹਾ-ਵਾਰ ਫੰਡ ਹੇਠ ਲਿਖੇ ਅਨੁਸਾਰ ਭੇਜੇ ਜਾ ਚੁੱਕੇ ਹਨ:

| District | No. of Schools | Funds disbursed at Rs 10000 per school |
|---|---|---|
| Amritsar | 394 | 39.4 |
| Barnala | 104 | 10.4 |
| Bathinda | 252 | 25.2 |
| Faridkot | 148 | 14.8 |
| Fatehgarh Sahib | 211 | 21.1 |
| Fazilka | 218 | 21.8 |
| Ferozepur | 207 | 20.7 |
| Gurdaspur | 408 | 40.8 |
| Hoshiarpur | 471 | 47.1 |
| Jalandhar | 419 | 41.9 |
| Kapurthala | 249 | 24.9 |
| Ludhiana | 510 | 51 |

| | | |
|---|---|---|
| Malerkotla | 87 | 8.7 |
| Mansa | 181 | 18.1 |
| Moga | 224 | 22.4 |
| Muktsar | 212 | 21.2 |
| Pathankot | 142 | 14.2 |
| Patiala | 347 | 34.7 |
| Roopnagar | 257 | 25.7 |
| S.B.S. Nagar | 205 | 20.5 |
| Sangrur | 253 | 25.3 |
| SAS Nagar | 193 | 19.3 |
| Tarntaran | 251 | 25.1 |
| **Grand Total** | **5943** | **594.3** |
| **ਸ਼ਬਦਾਂ ਵਿੱਚ ਪੰਜ ਕਰੋੜ ਚੁਰਾਨਵੇ ਲੱਖ ਤੀਹ ਹਜ਼ਾਰ ਰੁਪਏ ਕੇਵਲ** | | |

6.0 ਉਪਰੋਕਤ ਗਤੀਵਿਧੀਆਂ ਕਰਵਾਉਣ ਤੋਂ ਪਹਿਲਾ ਸਕੂਲ ਮੁਖੀ ਗਤੀਵਿਧੀ ਨਾਲ ਸੰਬੰਧਤ ਸਰਕਲ ਕਮੇਟੀ ਨਾਲ ਮਿਲ ਕੇ ਇਸ ਦੇ ਸਫਲ ਸੰਚਾਲਨ ਲਈ ਯੋਜਨਾਬੰਦੀ ਕਰਨਗੇ ਤਾਂ ਜੋ ਸਕੂਲ ਵਿੱਚ ਅਨੁਸ਼ਾਸਨ ਬਣਿਆ ਰਹੇ। ਹਰੇਕ ਵਿਦਿਆਰਥੀ ਦੀ ਇਸ ਗਤੀਵਿਧੀ ਵਿੱਚ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ।

7.0 **ਫੰਡਾਂ ਦੀ ਵਰਤੋਂ**: Bagless days ਅਧੀਨ ਫੰਡਾਂ ਦੀ ਵਰਤੋਂ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ:

i. ਕਿਸੇ ਗਤੀਵਿਧੀ ਨੂੰ ਕਰਵਾਉਣ ਲਈ ਲੋੜੀਂਦੀ ਸਮੱਗਰੀ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਉਣ ਲਈ।

ii. ਕਿਸੇ ਰਿਸੋਰਸ ਪਰਸਨ / ਮਾਹਰ/ ਪ੍ਰਸਿੱਧ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਦੇਣ ਲਈ।

iii. ਕਿਸੇ ਵੀ ਪ੍ਰਕਾਰ ਦੇ ਮੁਕਾਬਲੇ ਕਰਵਾਏ ਜਾਣ ਤੇ ਵਿਦਿਆਰਥੀਆਂ ਲਈ ਲੋੜੀਂਦੀ ਸਮੱਗਰੀ ਖਰੀਦਣ ਅਤੇ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇਣ ਲਈ ਰਾਸ਼ੀ ਖਰਚ ਕੀਤੀ ਜਾ ਸਕਦੀ ਹੈ।

iv. ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੀ refreshment ਦਾ ਖਰਚਾ ਜਿਵੇਂ ਕਿ ਫੀਲਡ ਵਿਜਿਟ, ਬਾਲ ਦਿਵਸ ਆਦਿ ਦੇ ਮੌਕੇ ਤੇ।

v. ਸਕੂਲ ਵਿੱਚ ਵਿਸ਼ਾਵਾਰ ਪ੍ਰਦਰਸ਼ਨੀਆਂ, ਮਾਡਲ/ ਚਾਰਟ / ਪ੍ਰੋਜੈਕਟ ਬਣਾਉਣ, ਪ੍ਰਿੰਟ-ਆਊਟ ਲੈਣ ਆਦਿ ਲਈ ਵਿਦਿਆਰਥੀਆਂ ਨੂੰ ਮਟੀਰੀਅਲ ਮੁਹੱਈਆ ਕਰਵਾਉਣਾ ਅਤੇ ਗਤੀਵਿਧੀ ਦੇ ਸਫਲ ਸੰਚਾਲਨ ਲਈ ਖਰਚਾ

8.0 Bagless days ਦੌਰਾਨ 6ਵੀਂ ਤੋਂ 8ਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਕੀਤੀਆਂ ਗਤੀਵਿਧੀਆਂ ਨੂੰ ਪ੍ਰਦਰਸ਼ਿਤ ਕਰਕੇ ਜਮਾਤਾਂ 9ਵੀਂ ਤੋਂ 12ਵੀਂ ਦੇ ਵਿਦਿਆਰਥੀਆਂ ਨੂੰ ਵਿਜ਼ਿਟ ਕਰਵਾਇਆ ਜਾਵੇ।

9.0 ਹਰੇਕ ਸਕੂਲ ਵਿੱਚ Bagless days ਅਧੀਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦਾ ਰਿਕਾਰਡ ਸੰਬੰਧਤ ਸਰਕਲ ਕਮੇਟੀ ਵੱਲੋਂ ਮੇਨਟੇਨ ਕੀਤੇ ਗਏ ਰਜਿਸਟਰ ਵਿੱਚ ਦਰਜ ਕੀਤਾ ਜਾਵੇ। ਹਰੇਕ Bagless day ਦੀ ਰਿਪੋਰਟ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਤਿਆਰ ਕਰਕੇ ਰਜਿਸਟਰ ਵਿੱਚ ਦਰਜ ਕੀਤੀ ਜਾਵੇ।

10.0 ਹਰੇਕ Bagless Day ਦੀ ਰਿਪੋਰਟ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਤਿਆਰ ਕਰਕੇ ਸਕੂਲ ਮੁਖੀ ਆਪਣੇ ਰਿਕਾਰਡ ਵਿੱਚ ਰੱਖਣਗੇ ਅਤੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਜ਼ਿਲ੍ਹੇ ਦੀ ਰਿਪੋਰਟ (ਸਮੇਤ ਤਸਵੀਰਾਂ) ਕੰਪਾਈਲ ਕਰਕੇ 31-03-2026 ਤਕ ਹੈੱਡ-ਆਫਿਸ ਵਿਖੇ scerttraining2@punjabeducation.gov.in 'ਤੇ ਸਬਮਿਟ ਕਰਨਗੇ।

(ਅਮਨਿੰਦਰ ਕੌਰ, ਪੀ.ਸੀ.ਐਸ.)
ਡਾਇਰੈਕਟਰ,
ਐਸ.ਸੀ.ਈ.ਆਰ.ਟੀ, ਪੰਜਾਬ।

ਪਿਠ ਅੰਕਣ ਨੰ: ਉਕਤ ਮਿਤੀ: 27-05-25

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਨਿ.ਸ/ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.) ਪੰਜਾਬ।

27/5/25
(ਰਾਜੀਵ ਕੁਮਾਰ)
ਸਹਾਇਕ ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ।